© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040317
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.17

| DOI | Received Date | Accepted Date | Published Date |
|---|---|---|---|
| 10.64119/armaan.vol.4.issue3.17 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਭਗਤ ਕਬੀਰ ਬਾਣੀ ਦੇ ਪਾਠਾਤਮਕ ਪ੍ਰਵਚਨ ਵਿੱਚ ਭਗਤੀ ਅਤੇ ਗੁਰਮਤਿ ਚੇਤਨਾ ਦੀ ਅੰਤਰ-ਸੰਬੰਧਤਾ ਦਾ ਸਿਧਾਂਤਕ-ਮਾਡਲ

# Bhagat Kabir Bani De Pathatmak Pravachan Vich Bhagti Ate Gurmat Chetna Di Antar-Sanbandhta Da Siddhantak-Model

**ਡਾ. ਸੁਖਮਨਪ੍ਰੀਤ ਕੌਰ (Dr. Sukhmanpreet Kaur)**
ਸਹਾਇਕ ਪ੍ਰੋਫ਼ੈਸਰ (Assistant Professor)
ਪੰਜਾਬੀ ਵਿਭਾਗ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ (ਪੰਜਾਬ)-151302
ORCID: 0009-0000-2789-4268
*E-Mail: sukhmanpreetk86@gmail.com*

## *ਸਾਰ (Abstract)*

*ਇਹ ਅਧਿਐਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਭਗਤ ਕਬੀਰ ਬਾਣੀ ਦੇ ਪਾਠਾਤਮਕ ਅਤੇ ਅੰਤਰਪਾਠਾਤਮਕ ਪ੍ਰਵਚਨ ਦਾ ਵਿਸ਼ਲੇਸ਼ਣ ਕਰਦਿਆਂ ਭਗਤੀ ਅਤੇ ਗੁਰਮਤਿ ਚੇਤਨਾ ਵਿਚਲੀ ਅੰਤਰ-ਸੰਬੰਧਤਾ ਨੂੰ ਸਿਧਾਂਤਕ ਰੂਪ ਵਿੱਚ ਸਪਸ਼ਟ ਕਰਨ ਦਾ ਯਤਨ ਕਰਦਾ ਹੈ। ਅਧਿਐਨ ਦਾ ਮੂਲ ਸਰੋਕਾਰ ਇਹ ਪੜਚੋਲਣਾ ਹੈ ਕਿ ਕਬੀਰ ਬਾਣੀ ਵਿੱਚ ਪ੍ਰਗਟ ਭਗਤੀ-ਅਨੁਭਵ ਕਿਸ ਤਰ੍ਹਾਂ ਮਨੁੱਖੀ ਚੇਤਨਾ ਨੂੰ ਭਰਮ, ਅਗਿਆਨ ਅਤੇ ਮਾਇਆਵੀ ਗ੍ਰਸਤਤਾ ਤੋਂ ਮੁਕਤ ਕਰਕੇ ਸੱਚ ਦੀ ਪਹਿਚਾਣ ਵੱਲ ਅਗਰਸਰ ਕਰਦਾ ਹੈ ਅਤੇ ਇਹੀ ਪ੍ਰਕਿਰਿਆ ਅਗਾਂਹ ਗੁਰਮਤਿ ਚੇਤਨਾ ਵਿੱਚ ਪਰਮ-ਸੱਚ ਦੀ ਪ੍ਰਾਪਤੀ ਲਈ ਸਿਧਾਂਤਕ ਅਤੇ ਵਿਵਹਾਰਕ ਆਧਾਰ ਕਿਵੇਂ ਬਣਦੀ ਹੈ। ਇਸ ਅਧਿਐਨ ਵਿੱਚ 'ਭਰਮ', 'ਸੱਚ', 'ਸ਼ਬਦ', 'ਸਹਿਜ', 'ਨਾਮ', 'ਆਤਮ-ਗਿਆਨ' ਅਤੇ 'ਪਰਮ-ਸੱਚ' ਨੂੰ ਕਬੀਰ ਬਾਣੀ ਦੀਆਂ ਪ੍ਰਮੁੱਖ ਸੰਕਲਪਿਕ ਇਕਾਈਆਂ ਵਜੋਂ ਵਿਚਾਰਿਆ ਗਿਆ ਹੈ। ਪਾਠ ਦੀ ਅੰਦਰੂਨੀ ਸੰਰਚਨਾ ਅਤੇ ਸੰਕਲਪਾਂ ਵਿਚਲੇ ਅੰਤਰ-ਸੰਵਾਦ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਭਗਤੀ ਇੱਕ ਅਨੁਭਵ-ਆਧਾਰਿਤ ਚੇਤਨਾਤਮਕ ਪ੍ਰਕਿਰਿਆ ਹੈ, ਜਿਸ ਦਾ ਕੇਂਦਰ ਸੱਚ ਦੀ ਖੋਜ, ਪ੍ਰੇਮ, ਸਰਨਾਗਤੀ, ਸ਼ਬਦ-ਸਾਧਨਾ ਅਤੇ ਸਹਿਜ ਦੀ ਪ੍ਰਾਪਤੀ ਹੈ। ਇਸ ਦੇ ਉਲਟ ਗੁਰਮਤਿ ਚੇਤਨਾ ਪਹਿਚਾਣੇ ਹੋਏ ਸੱਚ ਨੂੰ ਧਾਰਨ ਕਰਨ, ਨਾਮ-ਸਿਮਰਨ ਅਤੇ ਗੁਰ-ਗਿਆਨ ਰਾਹੀਂ ਜੀਵਨ-ਵਿਹਾਰ ਵਿੱਚ ਰੂਪਾਂਤਰਿਤ ਕਰਨ ਦੀ ਪ੍ਰਕਿਰਿਆ ਵਜੋਂ ਸਾਹਮਣੇ ਆਉਂਦੀ ਹੈ। ਅਧਿਐਨ ਤੋਂ ਇਹ ਨਿਸ਼ਕਰਸ਼ ਪ੍ਰਾਪਤ ਹੁੰਦਾ ਹੈ ਕਿ ਭਗਤੀ ਅਤੇ ਗੁਰਮਤਿ ਦੋ ਵੱਖਰੀਆਂ ਜਾਂ ਵਿਰੋਧੀ ਪ੍ਰਣਾਲੀਆਂ ਨਹੀਂ, ਸਗੋਂ ਮਨੁੱਖੀ ਚੇਤਨਾ ਦੇ ਵਿਕਾਸ ਦੀਆਂ ਦੋ ਅੰਤਰ-ਨਿਰਭਰ ਅਤੇ ਪੂਰਕ ਅਵਸਥਾਵਾਂ ਹਨ। ਇਸ ਆਧਾਰ 'ਤੇ ਅਧਿਐਨ 'ਭਗਤੀ–ਗੁਰਮਤਿ ਸੰਬੰਧਾਤਮਕਤਾ ਮਾਡਲ' ਪ੍ਰਸਤੁਤ ਕਰਦਾ ਹੈ, ਜਿਸ ਵਿੱਚ ਮਾਨਵ-ਚੇਤਨਾ ਤੋਂ ਸਾਧ-ਚੇਤਨਾ ਅਤੇ ਅਗਾਂਹ ਅਕਾਲ-ਚੇਤਨਾ ਤੱਕ ਦੇ ਵਿਕਾਸ ਨੂੰ ਇੱਕ ਨਿਰੰਤਰ ਅਧਿਆਤਮਕ ਯਾਤਰਾ ਵਜੋਂ ਸਮਝਿਆ ਗਿਆ ਹੈ। ਇਹ ਮਾਡਲ ਭਗਤੀ ਸਾਹਿਤ, ਗੁਰਮਤਿ ਦਰਸ਼ਨ ਅਤੇ ਭਾਰਤੀ ਗਿਆਨ-ਪਰੰਪਰਾ ਦੇ ਅੰਤਰ-ਅਨੁਸ਼ਾਸਨੀ ਅਧਿਐਨ ਲਈ ਇੱਕ ਨਵਾਂ ਵਿਵੇਚਨਾਤਮਕ ਪਰਿਪੇਖ ਪ੍ਰਦਾਨ ਕਰਦਾ ਹੈ।*

## *ਮੁੱਖ-ਸ਼ਬਦ (Keywords)*

*ਭਗਤ ਕਬੀਰ ਬਾਣੀ, ਭਗਤੀ ਚੇਤਨਾ, ਗੁਰਮਤਿ ਚੇਤਨਾ, ਪਾਠਾਤਮਕ ਪ੍ਰਵਚਨ, ਅੰਤਰਪਾਠਾਤਮਕਤਾ, ਭਰਮ, ਸੱਚ, ਸ਼ਬਦ-ਸਾਧਨਾ, ਨਾਮ-ਸਿਮਰਨ, ਪਰਮ-ਸੱਚ।*

ਭਾਰਤੀ ਅਧਿਆਤਮਕ ਅਤੇ ਦਾਰਸ਼ਨਿਕ ਪਰੰਪਰਾ ਵਿੱਚ ਭਗਤੀ ਅੰਦੋਲਨ ਇੱਕ ਅਜਿਹੀ ਚੇਤਨਾਤਮਕ ਕ੍ਰਾਂਤੀ ਵਜੋਂ ਉਭਰਦਾ ਹੈ ਜਿਸ ਨੇ ਮੱਧਕਾਲੀ ਸਮਾਜ ਦੀਆਂ ਜਾਤੀਗਤ, ਧਾਰਮਿਕ ਅਤੇ ਸੱਭਿਆਚਾਰਕ ਵੰਡਾਂ ਨੂੰ ਚੁਣੌਤੀ ਦਿੰਦਿਆਂ ਮਾਨਵ-ਕੇਂਦਰਿਤ ਅਧਿਆਤਮਕਤਾ ਦਾ ਪ੍ਰਵਚਨ ਸਿਰਜਿਆ। ਇਸ ਅੰਦੋਲਨ ਦੇ ਪ੍ਰਮੁੱਖ ਕਵੀਆਂ ਵਿੱਚ ਭਗਤ ਕਬੀਰ ਦਾ ਸਥਾਨ ਵਿਸ਼ੇਸ਼ ਮਹੱਤਵ ਰੱਖਦਾ ਹੈ। *ਕਬੀਰ ਦੀ ਬਾਣੀ ਨਾ ਸਿਰਫ਼ ਆਪਣੇ ਸਮੇਂ ਦੀਆਂ ਧਾਰਮਿਕ ਰੂੜ੍ਹੀਆਂ, ਕਰਮਕਾਂਡਾਂ ਅਤੇ ਪਖੰਡਾਂ ਦਾ ਵਿਰੋਧ ਕਰਦੀ ਹੈ, ਸਗੋਂ ਮਾਨਵੀ ਚੇਤਨਾ ਨੂੰ ਸੱਚ ਦੀ ਖੋਜ ਵੱਲ ਪ੍ਰੇਰਿਤ ਕਰਦੀ ਹੈ ।*[1] *ਕਬੀਰ ਦਾ ਸਮੁੱਚਾ ਕਾਵਿ-ਪ੍ਰਵਚਨ ਭਰਮ ਤੋਂ ਸੱਚ ਅਤੇ ਸੱਚ ਤੋਂ ਪਰਮ-*

*ਸੱਚ ਤੱਕ ਦੀ ਆਤਮਿਕ ਯਾਤਰਾ ਨੂੰ ਰੂਪਮਾਨ ਕਰਦਾ ਹੈ, ਜਿਸ ਦੇ ਕੇਂਦਰ ਵਿੱਚ ਪ੍ਰੇਮ, ਸਹਿਜਤਾ, ਅਨੁਭਵ ਅਤੇ ਆਤਮ-ਗਿਆਨ ਦੇ ਸੰਕਲਪ ਮੌਜੂਦ ਹਨ।* [2] ਸਿੱਖ ਧਰਮ ਦੇ ਪ੍ਰਮੁੱਖ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਭਗਤ ਕਬੀਰ ਬਾਣੀ ਗੁਰਮਤਿ ਚਿੰਤਨ ਨਾਲ ਡੂੰਘੀ ਅੰਤਰ-ਸੰਬੰਧਤਾ ਰੱਖਦੀ ਹੈ। ਭਾਵੇਂ ਭਗਤ ਬਾਣੀ ਅਤੇ ਗੁਰਬਾਣੀ ਵਿਚਕਾਰ ਕੋਈ ਵਿਚਾਰਧਾਰਕ ਵਿਰੋਧ ਨਹੀਂ ਹੈ, ਫਿਰ ਵੀ ਦੋਹਾਂ ਦੀ ਸੰਕਲਪਿਕ ਸੰਰਚਨਾ ਅਤੇ ਪ੍ਰਵਚਨਕਾਰੀ ਦੇ ਪੱਧਰ ਉੱਤੇ ਕੁਝ ਵਿਲੱਖਣ ਵਿਸ਼ੇਸ਼ਤਾਵਾਂ ਨਜ਼ਰ ਆਉਂਦੀਆਂ ਹਨ। *ਭਗਤ ਬਾਣੀ ਮੁੱਖ ਤੌਰ ਉੱਤੇ ਅਨੁਭਵ-ਆਧਾਰਿਤ ਪ੍ਰੇਮਾ-ਭਗਤੀ ਅਤੇ ਸਰਨਾਗਤੀ ਨੂੰ ਪ੍ਰਗਟ ਕਰਦੀ ਹੈ, ਜਦਕਿ ਗੁਰੂ ਨਾਨਕ ਬਾਣੀ ਇਸ ਅਨੁਭਵ ਨੂੰ ਵਿਵਹਾਰਕ ਅਤੇ ਸੰਸਥਾਈ ਰੂਪ ਪ੍ਰਦਾਨ ਕਰਦੀ ਹੈ।* [3] ਇਸੇ ਕਰਕੇ ਗੁਰਮਤਿ ਨੂੰ ਭਗਤੀ ਅਨੁਭਵ ਦੀ ਸਿਧਾਂਤਬੱਧ ਅਤੇ ਵਿਵਸਥਿਤ ਚੇਤਨਾ ਵਜੋਂ ਸਮਝਿਆ ਜਾ ਸਕਦਾ ਹੈ। *ਗੁਰਮਤਿ ਪਰੰਪਰਾ ਦਾ ਆਧਾਰ ਮਨੁੱਖੀ ਚੇਤਨਾ ਨੂੰ ਅਗਿਆਨ, ਭਰਮ ਅਤੇ ਦੁਰਮਤਿ ਤੋਂ ਮੁਕਤ ਕਰਕੇ ਪਰਮ-ਸੱਚ ਦੀ ਪ੍ਰਾਪਤੀ ਵੱਲ ਲੈ ਜਾਣਾ ਹੈ। ਗੁਰੂ ਨਾਨਕ ਦੇਵ ਜੀ ਨੇ ਭਗਤੀ ਪਰੰਪਰਾ ਦੀਆਂ ਅਨੁਭਵਮਈ ਅਧਿਆਤਮਕ ਪ੍ਰਾਪਤੀਆਂ ਨੂੰ ਇੱਕ ਸੰਗਠਿਤ ਦਰਸ਼ਨ ਅਤੇ ਜੀਵਨ-ਪ੍ਰਣਾਲੀ ਵਿੱਚ ਰੂਪਾਂਤਰਿਤ ਕੀਤਾ, ਜਿਸ ਦਾ ਕੇਂਦਰ 'ਸ਼ਬਦ' ਅਤੇ 'ਨਾਮ' ਹਨ।* [4] ਇਸ ਸੰਦਰਭ ਵਿੱਚ ਕਬੀਰ ਬਾਣੀ ਵਿੱਚ ਰੂਪਮਾਨ ਭਰਮ ਅਤੇ ਸੱਚ ਦਾ ਦਵੰਦ ਗੁਰਮਤਿ ਦਰਸ਼ਨ ਦੇ 'ਪਰਮ-ਸੱਚ' ਸੰਕਲਪ ਦੀ ਪੂਰਵ-ਭੂਮੀ ਤਿਆਰ ਕਰਦਾ ਹੈ। ਕਬੀਰ ਦਾ ਵਿਦਰੋਹ ਕਿਸੇ ਵਿਸ਼ੇਸ਼ ਧਰਮ ਜਾਂ ਸਮਾਜਿਕ ਸਮੂਹ ਦੇ ਵਿਰੁੱਧ ਨਹੀਂ, ਸਗੋਂ ਉਸ ਭਰਮਗ੍ਰਸਤ ਚੇਤਨਾ ਦੇ ਵਿਰੁੱਧ ਹੈ ਜੋ ਮਨੁੱਖ ਨੂੰ ਉਸਦੇ ਅਸਲ ਸਰੂਪ ਅਤੇ ਜੀਵਨ-ਉਦੇਸ਼ ਤੋਂ ਦੂਰ ਕਰਦੀ ਹੈ। *ਪਾਠਾਤਮਕ ਅਤੇ ਅੰਤਰਪਾਠਾਤਮਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਕਬੀਰ ਬਾਣੀ ਇੱਕ ਸੰਕਲਪਿਕ ਸੰਰਚਨਾ ਦਾ ਨਿਰਮਾਣ ਕਰਦੀ ਹੈ ਜਿਸ ਵਿੱਚ 'ਭਰਮ', 'ਸੱਚ', 'ਸ਼ਬਦ', 'ਸਹਿਜ', 'ਨਾਮ' ਅਤੇ 'ਪਰਮ-ਸੱਚ' ਵਰਗੇ ਸੰਕਲਪ ਆਪਸੀ ਸੰਵਾਦ ਰਾਹੀਂ ਅਰਥ-ਸਿਰਜਣਾ ਕਰਦੇ ਹਨ। ਪਾਠ-ਵਿਗਿਆਨਕ ਦ੍ਰਿਸ਼ਟੀ ਤੋਂ ਪਾਠ ਦੇ ਅਰਥ ਉਸ ਦੀਆਂ ਅੰਦਰੂਨੀ ਸੰਬੰਧਕ ਸੰਰਚਨਾਵਾਂ ਵਿੱਚੋਂ ਉਤਪੰਨ ਹੁੰਦੇ ਹਨ।* [5] ਇਸੇ ਲਈ ਕਬੀਰ ਬਾਣੀ ਨੂੰ ਕੇਵਲ ਧਾਰਮਿਕ ਕਾਵਿ ਵਜੋਂ ਨਹੀਂ, ਸਗੋਂ ਇੱਕ ਅਜਿਹੇ ਪ੍ਰਵਚਨ ਵਜੋਂ ਪੜ੍ਹਨ ਦੀ ਲੋੜ ਹੈ ਜੋ ਮਨੁੱਖੀ ਚੇਤਨਾ ਦੇ ਵਿਕਾਸ, ਸੱਚ ਦੀ ਖੋਜ ਅਤੇ ਆਤਮਿਕ ਮੁਕਤੀ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਦਾ ਹੈ। ਇਸ ਅਧਿਐਨ ਦਾ ਉਦੇਸ਼ ਭਗਤ ਕਬੀਰ ਬਾਣੀ ਦੀ ਸੰਕਲਪਿਕ ਸੰਰਚਨਾ ਦਾ ਵਿਸ਼ਲੇਸ਼ਣ ਕਰਦਿਆਂ ਭਗਤੀ ਅਤੇ ਗੁਰਮਤਿ ਚੇਤਨਾ ਵਿਚਲੀ ਅੰਤਰ-ਸੰਬੰਧਤਾ ਨੂੰ ਉਜਾਗਰ ਕਰਨਾ ਹੈ। ਵਿਸ਼ੇਸ਼ ਤੌਰ 'ਤੇ ਇਹ ਅਧਿਐਨ ਇਸ ਗੱਲ ਦੀ ਪੜਚੋਲ ਕਰਦਾ ਹੈ ਕਿ ਕਬੀਰ ਬਾਣੀ ਵਿੱਚ ਭਗਤੀ ਦੀ ਪ੍ਰਕਿਰਿਆ ਕਿਸ ਤਰ੍ਹਾਂ ਸੱਚ ਦੀ ਖੋਜ ਦਾ ਮਾਰਗ ਬਣਦੀ ਹੈ ਅਤੇ ਗੁਰਮਤਿ ਉਸ ਸੱਚ ਨੂੰ ਧਾਰਨ ਕਰਕੇ ਪਰਮ-ਸੱਚ ਦੀ ਪ੍ਰਾਪਤੀ ਵੱਲ ਅਗਰਸਰ ਹੋਣ ਦੀ ਵਿਧੀ ਵਜੋਂ ਰੂਪਮਾਨ ਹੁੰਦੀ ਹੈ। ਇਸ ਤਰ੍ਹਾਂ ਭਗਤੀ ਅਤੇ ਗੁਰਮਤਿ ਨੂੰ ਵੱਖ-ਵੱਖ ਧਾਰਨਾਵਾਂ ਦੀ ਬਜਾਇ ਮਨੁੱਖੀ ਚੇਤਨਾ ਦੇ ਵਿਕਾਸ ਦੀਆਂ ਦੋ ਅੰਤਰ-ਨਿਰਭਰ ਅਵਸਥਾਵਾਂ ਵਜੋਂ ਸਮਝਿਆ ਜਾ ਸਕਦਾ ਹੈ।

ਗੁਰਮਤਿ ਕਾਵਿ ਪੰਰਪਰਾ ਵਾਸਤਵਿਕ ਰੂਪ ਵਿਚ ਮੱਧਕਾਲ ਦੇ ਦੌਰ ਵਿਚ ਪੰਜਾਬ ਦੀ ਧਰਤੀ ਉਪਰ ਉੱਠੀ, ਚਿੰਤਨ ਅਤੇ ਚੇਤਨਾ ਦੀ ਬੁਨਿਆਦ ਉਪਰ ਸਿਰਜਤ ਬਹੁਪੱਖੀ, ਬਹੁ ਦਿਸ਼ਾਵੀ ਅਤੇ ਬਹੁਪਰਤੀ ਸੰਵਾਦ ਦੀ ਸੰਮਿਲਤ ਰੂਪ ਵਿਚ ਕਲਾਤਮਕ ਸਿਰਜਣਾ ਹੈ। ਇਹ ਇਕ ਜੀਵਨ-ਦਰਸ਼ਨ, ਵਿਚਾਰਧਾਰਾ ਅਤੇ ਧਾਰਮਿਕ ਲਹਿਰ ਤਿੰਨਾ ਦਾ ਸੁਮੇਲ ਰੂਪ ਹੈ। ਇਹ ਸੰਵਾਦ ਇਨ੍ਹਾਂ ਤਿੰਨਾ ਪੱਖਾਂ ਨੂੰ ਆਪਣੇ ਅੰਦਰ ਸਮੇਟ ਲੈਂਦਾ ਹੈ। *"ਗੁਰੂ ਗ੍ਰੰਥ ਸਾਹਿਬ ਨਾ ਤਾਂ ਦਾਰਸ਼ਨਿਕ ਸਿਧਾਂਤਾ ਦਾ ਸੰਗ੍ਰਿਹ ਹੈ ਅਤੇ ਨਾ ਹੀ ਇਸ ਵਿਚ ਕੇਵਲ ਧਰਮ ਸੰਬੰਧੀ ਹੀ ਪ੍ਰਵਚਨ ਸੰਕਲਿਤ ਹਨ। ਇਥੇ ਜਿਸ ਦਾਰਸ਼ਨਿਕ ਚਿੰਤਨ ਨੂੰ ਪ੍ਰਸਤੁਤ ਕੀਤਾ ਗਿਆ ਹੈ, ਉਸਦਾ ਆਧਾਰ ਸ਼ਾਸ਼ਤਰ ਨਹੀਂ ਅਨੁਭੂਤੀ ਹੈ। ਜੋ ਧਰਮ ਸਾਧਨਾ ਦਾ ਪ੍ਰਤਿਫਲ ਹੈ।"* [6] ਗੁਰਮਤਿ ਪਰੰਪਰਾ ਦੇ ਪਰਿਪੇਖ ਵਿਚ ਵਿਚਾਰਧਾਰਾ, ਦਰਸ਼ਨ ਅਤੇ ਧਰਮ ਨੂੰ ਵਿਚਾਰ, ਸਿਧਾਂਤ ਤੇ ਵਿਹਾਰ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜੇਕਰ ਅਸੀਂ ਗੁਰਮਤਿ ਕਾਵਿਧਾਰਾ ਦੀ ਗੱਲ ਕਰੀਏ ਤਾਂ ਇਸਦੀ ਬੁਨਿਆਦ ਮੱਧਕਾਲੀ ਭਗਤਾਂ ਦੇ ਵੈਸ਼ਨਵ ਮੱਤ ਦੇ ਅਨੁਯਾਈਆਂ ਦੇ ਪ੍ਰੇਮਾਂ ਭਗਤੀ ਤੇ ਸਰਨਾਗਤ ਦੇ ਵਿਚਾਰਾਂ ਨਾਲ ਜੁੜਦੀ ਹੈ। ਭਗਤ ਬਾਣੀ ਵਿਚ ਅਨੁਭੂਤੀ ਦੇ ਪੱਧਰ ਤੇ ਪ੍ਰਸਤੁਤ ਇਸ ਵਿਚਾਰਧਾਰਾ ਨੂੰ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਿਧਾਂਤਕ ਰੂਪ ਪ੍ਰਦਾਨ ਕਰਦੇ ਹਨ, ਤਾਂ ਇਹ ਗੁਰਮਤਿ ਦਰਸ਼ਨ ਦਾ ਰੂਪ ਧਾਰਨ ਕਰਦੀ ਹੈ। ਪ੍ਰੇਮਾਂ ਭਗਤੀ ਦੀ ਸੰਕਲਪਨਾ ਅਤੇ ਗੁਰਮਤਿ ਦਰਸ਼ਨ ਦੀ ਵਿਚਾਰਧਾਰਾ ਹੀ ਅਗਾਂਹ ਖਾਲਸਾ ਪੰਥ ਦੇ ਰੂਪ ਵਿਚ ਵਿਹਾਰਕ ਸਰੂਪ ਧਾਰਨ ਕਰਦੀ ਹੈ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤ ਬਾਣੀ ਗੁਰਮਤਿ ਸਿਧਾਂਤਾਂ ਦੇ ਪੂਰੀ ਤਰ੍ਹਾਂ ਅਨੁਕੂਲ ਹੈ, ਅਨੁਕੂਲ ਹੀ ਨਹੀਂ ਆਧਾਰ ਸਮੱਗਰੀ ਵੀ ਹੈ। ਵਿਚਾਰਧਾਰਕ ਪੱਧਰ ਤੇ ਇਨ੍ਹਾਂ ਵਿਚਕਾਰ ਵੱਖਰਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰੰਤੂ ਜਦੋਂ ਅਸੀਂ ਬਾਣੀ-ਪਾਠ ਦੀ ਗਹਿਨ ਪਾਠਾਤਮਕ ਪੜ੍ਹਤ ਕਰਦੇ ਹਾਂ ਤਾਂ ਇਸਦੀ ਸੰਕਲਪੀ ਸੰਰਚਨਾਤਮਕਤਾ ਉਜਾਗਰ ਹੁੰਦੀ ਹੈ। ਜਿਸ ਦੁਆਰਾ ਇਕ ਪ੍ਰਵਚਨਿਕ ਪ੍ਰਕਿਰਿਆ ਰੂਪਮਾਨ ਹੁੰਦੀ ਹੈ। ਇਸ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰਦਿਆਂ ਭਗਤ ਬਾਣੀ ਪ੍ਰੇਮਾ ਭਗਤੀ ਅਤੇ ਸਰਨਾਗਤ ਦੇ ਸਿਧਾਂਤ ਦੀ ਅਨੁਭਵੀ ਅਭਿਵਿਅਕਤੀ ਕਰਦਿਆਂ ਪਰਮ ਸੱਤਾ ਦੀ ਪ੍ਰਾਪਤੀ ਦਾ ਰਸਤਾ ਦਰਸਾਉਂਦੀ ਹੈ ਪਰੰਤੂ ਇਸ ਅਨੁਭਵੀ ਅਭਿਵਿਅਕਤੀ ਨੂੰ ਸਿਧਾਂਤਬੱਧ ਨਹੀਂ ਕਰਦੀ। ਗੁਰਬਾਣੀ ਅਤੇ ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਬਾਣੀ ਇਸ ਅਧਿਆਤਮਕ ਅਨੁਭੂਤੀ ਨੂੰ ਸਿਧਾਂਤਕ ਸਰੂਪ ਪ੍ਰਦਾਨ ਕਰਦੀ ਹੈ ਅਤੇ ਪ੍ਰੇਮਾ ਭਗਤੀ ਅਤੇ ਸਰਨਾਗਤ ਦੁਆਰਾ ਪਰਮ ਸੱਤਾ ਦੀ ਪ੍ਰਾਪਤੀ ਲਈ ਸ਼ਬਦ ਗੁਰੂ ਨੂੰ ਕੇਂਦਰੀ ਮਹੱਤਵ ਪ੍ਰਦਾਨ ਕਰਦੀ ਹੈ। ਜਿੱਥੇ ਭਗਤ ਬਾਣੀ ਵਿਚ ਅਨੁਭਵੀ ਗਿਆਨ ਦੁਆਰਾ ਪਰਮ ਸੱਤਾ ਦੀ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਪ੍ਰੇਮਾ ਭਗਤੀ ਤੇ ਸਰਨਾਗਤ ਦੁਆਰਾ ਸੰਚਾਲਿਤ ਹੋਣ ਦੀ ਪ੍ਰਕਿਰਿਆ ਨੂੰ ਦਰਸਾਉਣ ਉਪਰ ਬਲ ਦਿੱਤਾ ਗਿਆ ਹੈ। ਗੁਰੂ ਬਾਣੀ ਇਸਦਾ ਸਾਧਨ ਸ਼ਬਦ ਗੁਰੂ ਨੂੰ ਮੰਨਦਿਆਂ ਗੁਰੂ ਦੇ ਸਿਧਾਂਤ ਨੂੰ ਕੇਂਦਰ ਵਿਚ ਰੱਖਦੀ ਹੈ।

ਜੇਕਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਰਚਨਾ ਨੂੰ ਇਕ ਬਾਣੀ-ਪਾਠ ਇਕਾਈ ਵਜੋਂ ਲੈ ਕੇ ਇਸਦਾ ਗਹਿਨ ਅਧਿਐਨ ਕਰਕੇ ਇਸ ਅੰਦਰ ਮੌਜੂਦ ਸੰਕਲਪੀ ਸੰਰਚਨਾਤਮਕਤਾ ਨੂੰ ਸਿਰਜਿਆ ਜਾਵੇ ਤਾਂ ਉਪਰੋਕਤ ਸੰਚਾਰ ਪ੍ਰਕਿਰਿਆ ਸਹਿਜੇ ਹੀ ਸਪੱਸ਼ਟ ਹੋ ਜਾਵੇਗੀ। ਪਰੰਪਰਾਈ ਭਾਰਤੀ ਦਰਸ਼ਨ ਦੀ ਪ੍ਰਕਿਰਤੀ ਦੇ ਅਨੁਸਾਰ ਭਗਤੀ ਪਰੰਪਰਾ ਅਤੇ ਗੁਰਮਤਿ ਪਰੰਪਰਾ ਵਿਚ ਵਿਹਾਰ ਸਿਧਾਂਤ ਨਾਲ ਅਤੇ ਸਿਧਾਂਤ ਵਿਹਾਰ ਨਾਲ ਨਿਰੰਤਰ ਜੁੜੀਆ ਰਹਿੰਦਾ ਹੈ ਜੋ ਅਨੁਭਵ ਵਿਚੋਂ ਆਤਮਸਾਤ ਹੋ ਕੇ ਸਿਰਜਣਾਤਮਕ ਰੂਪ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਅਨੁਭਵ ਤੋਂ ਸਿਧਾਂਤ ਤੇ ਸਿਧਾਂਤ ਤੋਂ ਵਿਹਾਰ ਤੱਕ ਦੀ ਪ੍ਰਕਿਰਿਆ ਨਿਰੰਤਰ ਵਾਪਰਦੀ ਹੈ। ਭਗਤੀ ਪਰੰਪਰਾ ਵਿਚਲੀ ਸਹਿਜ ਪ੍ਰੇਮਾ ਭਗਤੀ ਨੂੰ ਗੁਰ ਸਾਹਿਬ ਗਿਆਨ ਸਾਧਨਾ ਰਾਹੀਂ ਆਤਮਸਾਤ ਕਰਕੇ ਇਕ ਸੰਗਠਿਤ ਸਿਧਾਂਤਕ ਸਰੂਪ ਪ੍ਰਦਾਨ ਕਰਦੇ ਹਨ ਜਿਸਨੂੰ ਅਸੀਂ ਗੁਰਮਤਿ ਸਿਧਾਂਤ ਦਾ ਨਾਮ ਦਿੰਦੇ ਹਾਂ। ਗੁਰੂ ਸਾਹਿਬ ਤੋਂ ਅਗਾਂਹ ਬਾਕੀ ਬਾਣੀਕਾਰ ਵੀ ਇਸ

ਸਿਧਾਂਤ ਨੂੰ ਅਗਾਂਹ ਵਿਕਸਤ ਅਤੇ ਵਿਸਤਰਿਤ ਕਰਦੇ ਹਨ। ਜਿਸਦੇ ਫ਼ਲਸਰੂਪ ਇਹ ਸਿਧਾਂਤਕਤਾ ਵਿਹਾਰਕਤਾ ਵੱਲ ਨਿਰੰਤਰ ਪ੍ਰਫੁੱਲਿਤ ਹੁੰਦੀ ਜਾਂਦੀ ਹੈ। ਗੁਰੂ ਤੇਗ ਬਹਾਦਰ ਬਾਣੀ ਵਿਚ ਇਸ ਸਿਧਾਂਤ ਦੀ ਵਿਹਾਰਕਤਾ ਦਾ ਸਿਖ਼ਰ ਦੇਖਿਆ ਜਾ ਸਕਦਾ ਹੈ। ਜਿਸ ਜੀਵਨ-ਮੁਕਤ ਪਰਮ ਮਾਨਵ ਦੀ ਗੁਰੂ ਨਾਨਕ ਦੇਵ ਜੀ ਮਾਰਗ ਦਰਸ਼ਨਾ ਕਰਦੇ ਹਨ ਉਸ ਪਰਮ ਮਾਨਵ ਦੀ ਗੁਰੂ ਤੇਗ ਬਹਾਦਰ ਜੀ ਸ਼ਾਖਸਾਤ ਮੂਰਤ ਹਨ। ਗੁਰੂ ਸਾਹਿਬ ਦਾ ਅਧਿਆਤਮ ਜੀਵਨ ਤੇ ਵਿਵਹਰਾਕ ਜੀਵਨ ਵਿਚਲਾ ਸੁਮੇਲ ਉਹਨਾਂ ਦੀ ਬਾਣੀ ਵਿਚ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਸ ਗੁਰਮਤਿ ਸਿਧਾਂਤ ਨੂੰ ਵਿਵਹਾਰ ਦਾ ਅੰਗ ਬਣਾਉਣ ਉਪਰੰਤ ਇਸ ਸਚਿਆਰੀ ਜੀਵਨ ਜਾਂਚ ਨੂੰ ਮਾਨਵੀ ਜੀਵਨ ਦਾ ਸੰਗਠਿਤ ਅੰਗ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੀ ਸਥਾਪਨਾ ਕਰਦੇ ਹਨ ਅਤੇ ਗੁਰੂ ਨਾਨਕ ਦੁਆਰਾ ਸਿਰਜਤ ਇਸ ਗੁਰਮਤਿ ਸਿਧਾਂਤ ਦੇ ਅਦੁੱਤੀ ਸਰੋਤ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਪ੍ਰਦਾਨ ਕਰਦੇ ਹਨ। ਇਹ ਕਹਿਣ ਵਿਚ ਕੋਈ ਵਿਸੰਗਤੀ ਨਹੀਂ ਹੋਵੇਗੀ ਕਿ ਜਿੱਥੇ ਭਗਤ ਕਵੀਆਂ ਨੇ ਧਾਰਮਿਕਤਾ ਦੇ ਕਰਮਕਾਂਡੀ ਜੁਜ ਵਿਚੋਂ ਅਧਿਆਤਮਕਤਾ ਦੀ ਅਨੁਭੂਤੀ ਨੂੰ ਕ੍ਰਾਂਤੀਕਾਰੀ ਲਹਿਰ ਦਾ ਰੂਪ ਦਿੱਤਾ ਉੱਥੇ ਗੁਰੂ ਨਾਨਕ ਸਾਹਿਬ ਨੇ ਇਸ ਅਧਿਆਤਮਕ ਲਹਿਰ ਨੂੰ ਸੰਗਠਿਤ ਕਰਕੇ ਇਕ ਨਵ ਲੋਕਿਕ ਧਰਮ ਦਾ ਨਿਰਮਾਣ ਕੀਤਾ ਜੋ ਧਾਰਮਿਕ ਹਉ, ਕੱਟੜਤਾ ਅਤੇ ਵਿਸ਼ੇਸ਼ ਤੌਰ ਤੇ ਭਰਮ ਭਰਪੂਰ ਤੱਤਕਾਲੀ ਮਾਨਵ ਚੇਤਨਾ ਲਈ ਇਕ ਗਿਆਨ ਪ੍ਰਕਾਸ਼ ਦੀ ਨਵ ਜਾਗ੍ਰਤੀ ਲਹਿਰ ਸਾਬਿਤ ਹੋਈ।

ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਭਾਰਤ ਦੇ 500 ਸਾਲ ਤੱਕ ਦੇ ਵਿਭਿੰਨ ਪ੍ਰਕਾਂਡਯ ਕਾਂਤੀਕਾਰੀ ਭਗਤਾਂ ਦੀ ਅਧਿਆਤਮਕ ਅਨੁਭੂਤੀ ਨੂੰ ਇਕੱਠਾ ਕਰਕੇ ਇਸ ਭਗਤੀ ਅੰਦੋਲਨ ਦੇ ਸਿਖ਼ਰ ਗੁਰਮਤਿ ਸਿਧਾਂਤ ਨੂੰ ਸਥਾਪਿਤ ਕੀਤਾ। 'ਭਗਤ ਕਬੀਰ' ਸ਼ਬਦ ਜਦ ਅਸੀਂ ਆਪਣੇ ਅਧਿਐਨ ਦੇ ਸੰਦਰਭ ਵਿਚ ਵਰਤਦੇ ਹਾਂ ਤਾਂ ਇਥੇ ਇਸਦੇ ਅਰਥ ਕੇਵਲ ਸਮਾਜਿਕ ਸ਼ਖਸੀਅਤ ਤੋਂ ਨਹੀਂ ਹੈ। ਇਸ ਤੋਂ ਭਾਵ ਇਕ ਅਜਿਹੀ ਹੋਂਦ ਤੋਂ ਹੈ ਜਿਸਨੇ ਆਪਣੇ ਚਿੰਤਨ, ਅਧਿਆਤਮ ਅਤੇ ਸਿਰਜਣਾਤਮਕਤਾ ਦੁਆਰਾ ਤਤਕਾਲੀ ਸਮਾਜ ਸਭਿਆਚਾਰਕ ਸੰਸਥਾ ਦੁਆਰਾ ਸਥਾਪਿਤ ਪ੍ਰਵਚਨ ਨੂੰ ਪਰਿਵਰਤਨਸ਼ੀਲਤਾ ਪ੍ਰਦਾਨ ਕੀਤੀ। ਇਥੇ ਭਗਤ ਕਬੀਰ ਮਦ ਇਕ ਤਾਰਕਿਕ, ਸੰਵੇਦਨ ਅਤੇ ਚੇਤੰਨ ਆਤਮ ਹੋਂਦ ਵਜੋ ਰੂਪਮਾਨ ਹੁੰਦੀ ਹੈ। ਸਮਾਜਿਕ ਪੱਧਰ ਤੇ ਇਹ ਆਤਮ ਹੋਂਦ ਸਮਾਜਿਕ ਚਿੰਤਕ, ਭਗਤ ਅਤੇ ਦਾਰਸ਼ਨਿਕ ਵਜੋਂ ਰੂਪਮਾਨ ਹੁੰਦੀ ਹੈ। ਕਬੀਰ ਜੀ ਦੀ ਬਾਣੀ ਵਿਚ ਇਸ ਆਤਮ ਦੀ ਸਿਰਜਣਾ ਦੀ ਪ੍ਰਕਿਰਿਆ ਨੂੰ ਦਰਸਾਇਆ ਗਿਆ ਹੈ। ਸਮਾਜ ਵਿਚ ਅਜਿਹੀ ਆਤਮ ਸਿਰਜਣਾ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦੇ ਸਮਰੱਥ ਹੁੰਦੀ ਹੈ। ਭਗਤ ਕਬੀਰ ਬਾਣੀ ਇਕ ਚੇਤੰਨ ਆਤਮ ਹੋਂਦ ਦਾ ਆਤਮਿਕ ਅਨੁਭਵੀ ਅਭਿਵਿਅਕਤੀ ਹੈ। ਜਿਸ ਵਿਚ ਉਸਦੀ ਇਕ ਆਤਮਾ ਤੋਂ ਪਰਮ ਆਤਮਾ ਤੱਕ ਪਹੁੰਚਣ ਦੀ ਪ੍ਰਕਿਰਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤ ਕਬੀਰ ਬਾਣੀ-ਪਾਠ ਦੁਆਰਾ ਸਹਿਜੇ ਹੀ ਰੂਪਮਾਨ ਹੁੰਦੀ ਹੈ।

**ਕਬੀਰ ਬਾਣੀ ਦਾ ਗੁਰਮਤਿ ਅਤੇ ਭਗਤੀ ਨਾਲ ਸੰਬੰਧ: ਸੰਕਲਪਿਕ ਸੰਰਚਨਾਕਾਰੀ ਦੇ ਆਧਾਰ 'ਤੇ**


ਕਬੀਰ ਬਾਣੀ ਦਾ ਪ੍ਰਵਚਨ ਪਾਠਾਤਮਕ ਪੱਧਰ ਤੇ ਰਾਗ ਸਿਰੀ ਵਿਚਲੇ ਦੋ ਸ਼ਬਦਾਂ ਤੋਂ ਆਰੰਭ ਹੁੰਦਾ ਹੈ ਵੱਖ-ਵੱਖ ਸਤਾਰਾਂ ਰਾਗਾਂ ਵਿਚੋਂ ਹੁੰਦਾ ਹੋਇਆ ਅੰਤ ਸਲੋਕ ਬਾਣੀ-ਪਾਠ ਉਪਰ ਜਾ ਕੇ ਖ਼ਤਮ ਹੁੰਦਾ ਹੈ। ਇਨ੍ਹਾਂ ਪਹਿਲੇ ਦੋ ਸ਼ਬਦਾਂ ਵਿਚੋਂ ਹੀ ਕਬੀਰ ਬਾਣੀ ਦੀ ਸਮੁੱਚੀ ਪ੍ਰਵਚਨਕਾਰੀ ਦਾ ਆਧਾਰ ਨਿਸ਼ਚਿਤ ਹੁੰਦਾ ਹੈ। ਇਸ ਦਾ ਆਰੰਭ ਹੀ ਸੱਚ ਨੂੰ ਸਥਾਪਿਤ ਕਰਨ ਭਰਮ ਨੂੰ ਵਿਥਾਪਿਤ ਕਰਨ ਨਾਲ ਹੁੰਦਾ ਹੈ। ਸਭ ਤੋਂ ਪਹਿਲਾਂ ਮਾਇਆਵੀ ਮੋਹ ਦਾ ਭਰਮ "ਜਨਨੀ ਕਹਿਤ ਸੁਤ ਬਡਾ ਹੋਤਿ ਹੈ" ਚਉਪਦੇ ਦੁਆਰਾ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਮਾਂ ਪੁੱਤਰ ਦੇ ਨਾਲ ਮੋਹ ਨੂੰ ਸਦੀਵੀ ਸੱਚ ਮੰਨਦੀ ਹੈ ਪਰੰਤੂ ਇਹ ਇਕ ਭਰਮ ਹੈ ਕਿਉਂਕਿ ਪੁੱਤਰ ਨਾਸ਼ਮਾਨ ਹੈ ਸਦੀਵੀ ਨਹੀਂ। ਇਹ ਭਰਮ ਹੀ ਮਾਨਵੀ ਚੇਤਨਾ ਨੂੰ ਵਾਸਤਵਿਕ ਸੱਚ ਤੋਂ ਦੂਰ ਲੈ ਜਾਂਦਾ ਹੈ। ਇਸ ਤਰ੍ਹਾਂ ਹੀ ਕਬੀਰ ਬਾਣੀ ਵਿਚ ਭਰਮ ਦੀਆਂ ਅਨੇਕਾਂ ਪਰਤਾਂ ਖੋਲੀਆਂ ਗਈਆਂ ਹਨ। ਭਰਮ ਅਤੇ ਸੱਚ ਦੇ ਸਰੂਪ ਨੂੰ ਸਪੱਸ਼ਟ ਕਰਨ ਦੇ ਨਾਲ ਨਾਲ ਮਾਨਵੀ ਮਾਨਸਿਕ ਸਥਿਤੀ ਨੂੰ ਵੀ ਰੂਪਮਾਨ ਕੀਤਾ ਗਿਆ ਹੈ। ਭਰਮ ਮਾਨਸਿਕ ਤਪਸ਼ ਪੈਦਾ ਕਰਦਾ ਹੈ ਜਦਕਿ ਸੱਚ ਸ਼ੀਤਲਤਾ ਪ੍ਰਦਾਨ ਕਰਦਾ ਹੈ। ਇਸਨੂੰ 'ਜਲ' ਅਤੇ 'ਅਗਨੁ' ਮੈਟਾਫਰਾਂ ਦੁਆਰਾ ਰੂਪਮਾਨ ਕੀਤਾ ਗਿਆ ਹੈ। ਸਮੁੱਚੀ ਕਬੀਰ ਬਾਣੀ ਦੇ ਪ੍ਰਵਚਨ ਦੀ ਭਰਮ ਤੋਂ ਸੱਚ ਵੱਲ ਦੀ ਸੰਘਰਸ਼ਮਈ ਯਾਤਰਾ ਨਜ਼ਰ ਆਉਂਦੀ ਹੈ। ਭਗਤ ਕਬੀਰ ਜੀ ਦੇ ਸਮੇਂ ਮੁਸਲਮਾਨੀ ਹਕੂਮਤ ਦੇ ਜਬਰੀ ਧਰਮ ਪਰਿਵਰਤਨ ਦੀ ਨੀਤੀ ਦੁਆਰਾ ਸਮਾਜਿਕ ਅਸਥਿਰਤਾ ਅਤੇ ਆਤਮਿਕ ਅਡੋਲਤਾ ਦੀ ਮਾਨਸਿਕ ਸਥੀਤੀ ਕਾਰਨ ਹਰ ਧਾਰਮਿਕ, ਦਾਰਸ਼ਨਿਕ, ਵਿਚਾਰਧਾਰੀ ਮੱਤ ਆਪਣੇ ਆਪਣੇ ਪੱਖ ਤੋਂ ਸੱਚ ਨੂੰ ਸਥਾਪਿਤ ਕਰਨ ਲਈ ਪ੍ਰਯਤਨਸ਼ੀਲ ਸੀ। ਦੂਜੇ ਪਾਸੇ ਹਕੂਮਤ ਆਪਣੇ ਦੁਆਰਾ ਸਿਰਜਤ ਸੱਚ ਨੂੰ ਥੋਪ ਰਹੀ ਸੀ। ਅਜਿਹੀ ਸਥਿਤੀ ਵਿਚ ਸੱਚ ਦਾ ਸੰਕਲਪ ਅਸਪੱਸ਼ਟ ਅਤੇ ਬਹੁਅਰਥੀ ਹੋ ਚੁੱਕਾ ਸੀ। ਇਸ ਲਈ ਉਸ ਸਮੇਂ ਸੱਚ ਦੇ ਸਰੂਪ ਨੂੰ ਵਾਸਤਵਿਕ ਰੂਪ ਵਿਚ ਸਿਰਜਣਾ ਭਗਤੀ ਪਰੰਪਰਾ ਦੇ ਸਨਮੁਖ ਇਕ ਬਹੁਤ ਵੱਡੀ ਚਨੌਤੀ ਸੀ। ਹਿੰਦੂਮਤ ਕਰਮਕਾਂਡ ਦਾ ਸ਼ਿਕਾਰ ਹੋ ਚੁੱਕਾ ਸੀ, ਸਿਧ, ਨਾਥ ਪਰੰਪਰਾ ਭੇਖ ਗ੍ਰਸਤ ਹੋ ਕੇ ਮਨ ਦੀ ਜਗ੍ਹਾ ਸਰੀਰਕ ਸਾਧਨਾ ਦੇ ਆਡੰਬਰਾਂ ਵਿਚ ਲੱਗੀ ਹੋਈ ਸੀ। ਬੁੱਧ, ਜੈਨ ਧਰਮ ਵਰਗੇ ਮੱਤ ਵੀ ਆਪਣੇ ਭਾਂਜਵਾਦੀ ਰਵੱਇਏ ਕਾਰਨ ਲੋਕਾਈ ਤੋਂ ਦੂਰ ਹੋ ਚੁੱਕੇ ਸਨ। ਸਮੂਹਿਕ ਮਾਨਸਿਕਤਾ ਅਵਿਸ਼ਵਾਸ, ਅਗਿਆਨਤਾ, ਅਸੁਰੱਖਿਅਤਾ ਅਤੇ ਆਡੰਬਰਾਂ ਦੀ ਸ਼ਿਕਾਰ ਸੀ। ਅਜਿਹੀ ਪਰਸਥਿਤੀ ਵਿਚ ਸੱਚ ਦੀ ਤਲਾਸ਼ ਕੇਵਲ ਅਤੇ ਕੇਵਲ ਆਤਮਿਕ ਅਨੁਭਵੀ ਗਿਆਨ ਸਾਧਨਾ ਦੁਆਰਾ ਹੀ ਸੰਭਵ ਸੀ। ਭਗਤ ਅੰਦੋਲਨ ਦੇ ਬਹੁਤ ਸਾਰੇ ਕਵੀ ਉਸ ਸਮੇਂ ਸਮਾਜਿਕ ਕੁਰੀਤੀਆਂ ਦੇ ਸੰਤਾਪ ਨੂੰ ਹੰਡਾਉਂਦੇ ਹਨ, ਦੂਜੇ ਪਾਸੇ ਉਹਨਾਂ ਨੂੰ ਸਮਾਜਿਕ ਤੌਰ ਤੇ ਬਣਦੀ ਰੁਤਬਾਦਾਰੀ ਨਾ ਮਿਲਣ ਕਰਕੇ, ਇਨ੍ਹਾਂ ਨੂੰ ਸਿਸਟਮ ਵਿਚ ਸਮਾਜਿਕ ਸਪੇਸ ਨਹੀਂ ਦਿੱਤੀ ਜਾਂਦੀ ਤਾਂ ਉਹ ਆਤਮਿਕ ਸਪੇਸ ਵੱਲ ਮੁੜਦੇ ਹਨ। ਬਾਹਰੀ ਰੂਪ ਵਿਚ ਪ੍ਰਾਪਤ ਦੁਖ ਦਾ ਹਲ ਉਹ ਆਤਮਿਕ ਅਨੁਭਵੀ ਗਿਆਨ ਦੁਆਰਾ ਤਲਾਸ਼ਦੇ ਹਨ। ਇਸ ਪ੍ਰਕਿਰਿਆ ਦੁਆਰਾ ਤਲਾਸ਼ਿਆ ਗਿਆ ਸੱਚ ਹੀ ਉਸ ਸਮੇਂ ਦੌਰਾਨ ਮਾਨਵਤਾ ਲਈ ਆਸ ਦੀ ਕਿਰਨ ਬਣਦਾ ਹੈ। ਭਗਤੀ ਪਰੰਪਰਾ ਦੀ ਇਹ ਖੋਜ ਹੀ ਗੁਰਮਤਿ ਪਰੰਪਰਾ ਦਾ ਆਧਾਰ ਬਿੰਦੂ ਬਣਦੀ ਹੈ। ਭਗਤ ਕਵੀ ਪ੍ਰੇਮਾਂ ਭਗਤੀ ਅਤੇ ਪਰਮ ਸੱਤਾ ਦੀ ਸਰਨਾਗਤ ਦੁਆਰਾ ਭਰਮ ਤੋਂ ਸੱਚ ਤੱਕ ਦੀ ਚੇਤਨਾਮਈ ਯਾਤਰਾ ਕਰਦੇ ਹਨ। ਇਸ ਲਈ ਉਹ ਸ਼ਬਦ ਗੁਰੂ ਨੂੰ ਸਾਧਨ ਵਜੋਂ ਲੈਂਦੇ ਹਨ ਕਿਉਂਕਿ ਗੁਰੂ ਹੀ ਭਰਮ ਦਾ ਨਾਸ ਕਰਕੇ ਸੱਚ ਦਾ ਪ੍ਰਕਾਸ਼ ਕਰਦਾ ਹੈ। ਭਗਤੀ ਕਵੀਆਂ ਦੀ ਸਮੁੱਚੀ ਸਾਧਨਾ ਵਿਚ ਸਤਿਗੁਰੂ ਦੀ ਭਾਲ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਇਨ੍ਹਾਂ ਦੀ ਆਤਮਿਕ ਖੋਜ ਅਭਿਵਿਅਕਤ ਹੁੰਦੀ ਹੈ। ਭਗਤ ਬਾਣੀ ਜੋ ਕਿ ਪ੍ਰੇਮਾਂ ਭਗਤੀ ਤੇ ਪ੍ਰਪੱਤੀ ਦੇ ਸਿਧਾਂਤ ਨੂੰ ਦ੍ਰਿੜ ਕਰਵਾਉਂਦੀ ਹੈ ਜਦ ਗੁਰੂ ਨਾਨਕ ਦੇਵ ਜੀ ਦੀ ਆਤਮਿਕ ਅਨੁਭੂਤੀ ਦਾ ਹਿਸਾ ਬਣਦੀ ਹੈ ਤਾਂ ਉਥੋਂ ਗੁਰਮਤਿ ਸਿਧਾਂਤ ਦਾ ਜਨਮ ਹੁੰਦਾ ਹੈ। ਧਿਆਨਯੋਗ ਹੈ ਕਿ ਗੁਰਮਤਿ ਚੇਤਨਾ ਭਗਤੀ ਬਾਣੀ ਵਿਚ ਮੌਜੂਦ ਹੈ ਪਰੰਤੂ ਗੁਰਮਤਿ ਸਿਧਾਂਤ ਦੀ

ਸਿਰਜਨਾ ਗੁਰੂ ਨਾਨਕ ਬਾਣੀ ਦੁਆਰਾ ਹੀ ਹੁੰਦੀ ਹੈ। ਅਸਲ ਵਿਚ ਭਗਤ ਕਬੀਰ ਬਾਣੀ ਵਿਚ ਭਰਮ ਦੀ ਵਿਸਥਾਪਨਾ ਤੇ ਸੱਚ ਦੀ ਸਥਾਪਨਾ ਦੀ ਪ੍ਰਕਿਰਿਆ ਹੀ ਗੁਰਮਤਿ ਪਰੰਪਰਾ ਦੇ ਕੇਂਦਰੀ ਸੰਕਲਪ ਪਰਮ-ਸੱਚ(Ultimate truth) ਦੀ ਸਿਧਾਂਤਬੱਧਤਾ ਦਾ ਆਧਾਰ ਬਣਦੀ ਹੈ। ਭਰਮ ਗ੍ਰਸਤਤਾ ਦੁਆਰਾ ਉਪਜੇ ਦੁਖਾਂਤ ਨੂੰ ਕਬੀਰ ਜੀ ਨੇ ਅਨੁਭਵ ਦੇ ਪੱਧਰ ਉਪਰ ਹੰਡਾਇਆ ਅਤੇ ਇਹ ਦੁਖਾਂਤ ਹੀ ਕਬੀਰ ਜੀ ਦੀ ਇਸ ਭਰਮ ਵਿਦਰੋਹੀ ਚੇਤਨਾ ਦਾ ਪ੍ਰੇਰਨਾ ਸਰੋਤ ਬਣਿਆ। ਕਬੀਰ ਜੀ ਦਾ ਵਿਦਰੋਹ ਕਿਸੇ ਭੌਤਿਕ ਵਰਤਾਰੇ, ਸੁਮਦਾਇ, ਧਰਮ, ਪਰੰਪਰਾ, ਮੱਤ ਆਦਿ ਨਾਲ ਨਹੀਂ ਬਲਕਿ ਕੇਵਲ ਤੇ ਕੇਵਲ ਭਰਮ ਅਤੇ ਉਸ ਦੁਆਰਾ ਉਪਜੇ ਭੇਖ, ਪਖੰਡ, ਕਰਮਕਾਂਡਤਾ ਆਦਿ ਨਾਲ ਹੈ। ਕਿਉਂਕਿ ਸਮਾਜਿਕ ਸਮੂਹਿਕ ਅਵਚੇਤਨ ਵਿਚ ਵੱਸ ਚੁੱਕੀ ਇਹ ਭਰਮਗ੍ਰਸਤਤਾ ਹੀ ਮਾਨਵੀ ਜੀਵਨ ਦੇ ਸਭ ਸੰਕਟਾਂ ਦਾ ਮੂਲ ਕਾਰਨ ਸੀ। ਇਸ ਨੂੰ ਖ਼ਤਮ ਕਰਨਾ ਅਤੇ ਸੱਚ ਨੂੰ ਸਤਾਪਿਤ ਕਰਨਾ ਕਬੀਰ ਬਾਣੀ-ਪਾਠ ਮੂਲ ਪ੍ਰਯੋਜਨ ਹੈ। ਇਸ ਤਰ੍ਹਾਂ ਭਰਮ ਅਤੇ ਸੱਚ ਕਬੀਰ ਬਾਣੀ ਦੀਆਂ ਪ੍ਰਮੁੱਖ ਸੰਕਲਪਿਕ ਇਕਾਈਆਂ ਹਨ। ਇਨ੍ਹਾਂ ਦੇ ਸੰਕਲਪਿਕ ਸੰਗਠਨ ਅਤੇ ਅੰਤਰ ਸੰਵਾਦਕਤਾ ਦੁਆਰਾ ਹੀ ਕਬੀਰ ਬਾਣੀ-ਪਾਠ ਦੇ ਸਮੁੱਚੇ ਪ੍ਰਵਚਨਿਕ ਪਾਸਾਰ ਨੂੰ ਸਮਝਿਆ ਜਾ ਸਕਦਾ ਹੈ। ਭਰਮ ਅਸਲ ਵਿਚ ਮਾਇਆ ਦਾ ਗੁਣ ਹੈ ਅਤੇ ਸੱਚ ਪਰਮ ਸਕਤੀ ਦਾ ਗੁਣ ਹੈ: ਇਕ ਦਾ ਵਾਹਕ ਅਗਿਆਨ ਹੈ ਦੂਜੇ ਦਾ ਵਾਹਕ ਗਿਆਨ। ਕਬੀਰ ਬਾਣੀ ਵਿਚ ਇਕ ਪਾਸੇ ਭਰਮ ਦੀਆਂ ਪਰਤਾਂ ਨੂੰ ਖੋਲਦਿਆਂ ਮਾਇਆਵੀ ਪ੍ਰਭਾਵ ਤੋਂ ਮੁਕਤ ਕੀਤਾ ਗਿਆ ਹੈ ਅਤੇ ਦੂਜੇ ਪਾਸੇ ਸੱਚ ਦੀ ਊਰਜਾ ਨੂੰ ਪ੍ਰਗਟ ਕੀਤਾ ਗਿਆ ਹੈ। ਇਸ ਦਵੰਦ ਦਾ ਅੰਤਿਮ ਮੇਲ ਪਰਮ ਸ਼ਕਤੀ ਤੱਕ ਪਹੁੰਚ ਕੇ ਹੁੰਦਾ ਹੈ। ਮਾਨਵੀ ਚੇਤਨਾ ਭਰਮਾਂ ਵਿਚੋਂ ਗੁਜਰਦੀ ਹੋਈ ਅਨੇਕਾਂ ਸੱਚ ਗ੍ਰਹਿਣ ਕਰਦੀ ਹੈ ਪਰੰਤੂ ਅੰਤਿਮ ਸਦੀਵੀ ਸੱਚ ਤੱਕ ਪਹੁੰਚ ਕੇ ਇਹ ਭਰਮ ਅਤੇ ਸੱਚ ਜਾ ਦਵੰਦ ਖ਼ਤਮ ਹੋ ਜਾਂਦਾ ਹੈ ਅਤੇ ਚੇਤਨਾ ਪਰਮ-ਸੱਚ ਤੱਕ ਪਹੁੰਚ ਕੇ ਮੁਕਤ ਹੋ ਜਾਂਦੀ ਹੈ। ਭਰਮ ਤੋਂ ਸੱਚ ਵੱਲ ਦੀ ਇਸ ਪ੍ਰਕਿਰਿਆ ਤੋਂ ਅਗਾਂਹ ਪਰਮ-ਸੱਚ ਦੀ ਪ੍ਰਾਪਤੀ ਹੀ ਗੁਰਮਤਿ ਦਰਸ਼ਨ ਦਾ ਆਧਾਰ ਹੈ। ਜਿੱਥੇ ਕਬੀਰ ਜੀ ਨੇ ਭਰਮ ਤੋਂ ਸੱਚ ਅਤੇ ਸੱਚ ਤੋਂ ਪਰਮ-ਸੱਚ ਤੱਕ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਦੀ ਹੈ ਉੱਥੇ ਗੁਰੂ ਨਾਨਕ ਬਾਣੀ ਦਾ ਆਧਾਰ ਪਰਮ-ਸੱਚ ਦੀ ਸਿਧਾਂਤਬੱਧਤਾ ਹੈ। ਗੁਰੂ ਸਾਹਿਬ ਪਰਮ-ਸੱਚ ਦੇ ਸਰੂਪ ਅਤੇ ਵਰਣਨ ਨੂੰ ਆਪਣੀ ਸਿਰਜਣਾ ਦਾ ਆਧਾਰ ਬਾਣਾਉਂਦੇ ਹਨ। ਪਰਮ-ਸੱਚ ਦੀ ਤਲਾਸ਼ ਦੀ ਪ੍ਰਕਿਰਿਆ ਜੋ ਭਗਤੀ ਪਰੰਪਰਾ ਦੁਆਰਾ ਰੂਪਮਾਨ ਹੁੰਦੀ ਹੈ ਉਸਨੂੰ ਗੁਰਮਤਿ ਦਰਸ਼ਨ ਦੇ ਰੂਪ ਵਿਚ ਸਿਧਾਂਤਕ ਸਰੂਪ ਗੁਰੂ ਨਾਨਕ ਦੇਵ ਜੀ ਪ੍ਰਦਾਨ ਕਰਦੇ ਹਨ ਜੋ ਕਿ ਅਗਾਂਹ ਬਾਕੀ ਬਾਣੀਕਾਰਾਂ ਅਤੇ ਸਿੱਖ ਧਰਮ ਦਾ ਆਧਾਰ ਬਣਦਾ ਹੈ।

**ਕਬੀਰ ਬਾਣੀ ਦੀ ਸੰਕਲਪਿਕ ਸੰਰਚਨਾਕਾਰੀ ਦੇ ਆਧਾਰ 'ਤੇ ਗੁਰਮਤਿ ਤੇ ਭਗਤੀ ਦਾ ਸੰਬੰਧ**

ਅੰਤਰਪਾਠਾਤਮਕ ਅਧਿਐਨ ਦੁਆਰਾ ਭਗਤ ਕਬੀਰ ਬਾਣੀ ਦੇ ਪਾਠ ਤੇ ਪ੍ਰਵਚਨ ਦੀਆਂ ਅੰਤਰੀਵ ਤੈਹਾਂ ਦੀ ਨਿਸ਼ਾਨਦੇਹੀ ਕਰਦਿਆਂ ਪ੍ਰਾਪਤ ਸੰਚਾਰ ਪ੍ਰਕਿਰਿਆ ਦੇ ਆਧਾਰ ਤੇ ਜੇਕਰ ਅਸੀਂ ਭਗਤ ਕਬੀਰ ਬਾਣੀ ਨੂੰ ਭਗਤੀ ਚੇਤਨਾ ਤੇ ਗੁਰਮਤਿ ਚੇਤਨਾ ਦੇ ਪਰਿਪੇਖ ਵਿਚ ਦੇਖਦੇ ਹਾਂ ਤਾਂ ਸਾਡੇ ਸਾਹਮਣੇ ਇਸ ਦਾ ਢਾਂਚਾ ਇਸ ਪ੍ਰਕਾਰ ਰੂਪਮਾਨ ਹੁੰਦਾ ਹੈ:

ਭਗਤੀ ਅਤੇ ਗੁਰਮਤਿ ਚੇਤਨਾ ਵਿਚਲੀ ਸੰਬੰਧਾਤਮਕਤਾ ਦਾ ਮਾਡਲ




ਭਗਤ ਕਬੀਰ ਬਾਣੀ ਦੇ ਪ੍ਰਵਚਨ ਦੇ ਆਧਾਰ ਤੇ ਭਗਤੀ ਤੇ ਗੁਰਮਤਿ ਇਕ ਪ੍ਰਣਾਲੀ ਦੀਆਂ ਦੋ ਪ੍ਰਮੁੱਖ ਅੰਤਰਕਿਰਿਆਵਾਂ ਵਜੋਂ ਪ੍ਰਤੀਬਿੰਬਤ ਹੁੰਦੀਆਂ ਹਨ। ਜਿਹੜੀਆਂ ਇਕ ਦੂਜੇ ਨਾਲ ਅੰਤਰ-ਸੰਬੰਧਕੀ ਰਿਸਤੇ ਵਿਚ ਜੁੜੀਆਂ ਹੋਈਆਂ ਹਨ। ਗੁਰਮਤਿ ਤੇ ਭਗਤੀ ਸੰਕਲਪੀ ਚਿਹਨ ਮਨੁੱਖੀ ਚੇਤਨਾ ਦੇ ਦੋ ਅੰਤਰਨਿਰਭਰ ਪੱਧਰਾਂ ਦਾ ਪ੍ਰਤੀਕਾਤਮਕ ਰੂਪ ਹਨ। ਭਗਤੀ ਜੀਵਨ ਯਥਾਰਥ ਦਾ ਆਤਮ-ਗਿਆਨ ਦੁਆਰਾ ਚਿੰਤਨ ਕਰਦੇ ਹੋਏ ਸੱਚ ਦੀ ਖੋਜ ਦੀ ਪ੍ਰਕਿਰਿਆ ਹੈ ਜਿਹੜੀ ਮਨੁੱਖ ਦੀ ਮੂਲ ਸੱਚ ਦੀ ਜਗਿਆਸਾ ਬਿਰਤੀ ਦੁਆਰਾ ਸੰਚਾਲਿਤ ਹੁੰਦੀ ਹੈ। ਇਸ ਤਰ੍ਹਾਂ ਜਦ ਮਨੁੱਖੀ ਚੇਤਨਾ ਸੱਚ ਦੀ ਖੋਜ ਵੱਲ ਵੱਧਦੀ ਹੈ ਤਾਂ ਉਸਦਾ ਇਸ ਪ੍ਰਤੀ ਸਮਰਪਨ ਤੇ ਪ੍ਰੇਮ ਭਾਵਨਾ ਦੁਆਰਾ ਨਿਰੰਤਰ ਚਿੰਤਨੀ ਪ੍ਰਵਾਹ ਭਗਤੀ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਦਾ ਹੈ। ਇਹ ਪ੍ਰਕਿਰਿਆ ਜਦ ਸੱਚ ਤੇ ਭਰਮ ਦੀ ਪਹਿਚਾਣ ਕਰ ਲੈਂਦੀ ਹੈ ਤਾਂ ਮਨੁੱਖੀ ਚੇਤਨਾ ਸਹਿਜ ਹੋ ਕੇ ਗੁਰਮਤਿ ਦੀ ਪ੍ਰਾਪਤੀ ਦੇ ਯੋਗ ਹੋ ਜਾਂਦੀ ਹੈ। ਇਸ ਤਰ੍ਹਾਂ ਭਗਤੀ ਦੀ ਪ੍ਰਕਿਰਿਆ ਦਾ ਸਿਖ਼ਰ ਗੁਰਮਤਿ ਦੀ ਪ੍ਰਕਿਰਿਆ ਦਾ ਆਰੰਭ ਬਣਦਾ ਹੈ। ਗੁਰਮਤਿ ਗਿਆਨ ਦਾ ਆਧਾਰ ਭਗਤੀ ਭਾਵਨਾ ਹੈ ਇਸ ਅਵਸਥਾ ਵਿਚ ਮਨੁੱਖੀ ਚੇਤਨਾ ਸਾਧ ਚੇਤਨਾ ਵਿਚ ਰੂਪਾਂਤਰਿਤ ਹੋ ਕੇ ਗੁਰਮਤਿ ਮਾਰਗ ਵੱਲ ਵਿਕਸਤ ਹੁੰਦੀ ਹੈ। ਇਸ ਤਰ੍ਹਾਂ ਭਗਤੀ ਸੱਚ ਦੀ ਖੋਜ ਦੀ ਪ੍ਰਕਿਰਿਆ ਹੈ ਅਤੇ ਗੁਰਮਤਿ ਸੱਚ ਨੂੰ ਧਾਰਨ ਕਰਨ ਦੀ ਪ੍ਰਕਿਰਿਆ ਹੈ। ਇਸ ਤਰ੍ਹਾਂ ਦੋਹੇਂ ਹੀ ਇਕ ਦੂਜੇ ਦਾ ਆਧਾਰ ਬਣਦੀਆਂ ਹੋਈਆਂ ਮਨੁੱਖੀ ਚੇਤਨਾ ਦੀ ਮੁਕਤੀ ਦਾ ਸਰੋਤ ਸਿਧ ਹੁੰਦੀਆਂ ਹਨ। ਕਬੀਰ ਬਾਣੀ ਵਿਚ ਦਰਜ ੨੧੯ ਸਲੋਕ ਨਾਲ ਦਰਜ ਮਹਲਾ ੫ ਦਾ ਸਲੋਕ ਹੈ ਇਨ੍ਹਾਂ ਦੇ ਹਵਾਲੇ ਨਾਲ ਉਪਰੋਕਤ ਧਾਰਨਾ ਦੀ ਪੁਸ਼ਟੀ ਹੋ ਸਕਦੀ ਹੈ:

*ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥*
*ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤ ਨ ਹੋਇ॥੨੧੯॥*

ਮਹਲਾ ੫
*ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥*
*ਨਾਨਕ ਸੋ ਸਲਾਹੀਐ ਜਿ ਸਭਨਾ ਸਾਰ ਕਰੇਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੧੩੭੬ )*

ਉਪਰੋਕਤ ਸਲੋਕ ਵਿਚ ਪਹਿਲਾਂ ਸਲੋਕ ਕਬੀਰ ਜੀ ਦੁਆਰਾ ਰਚਿਤ ਹੈ ਜਿਸ ਵਿਚ ਕਬੀਰ ਜੀ ਦੇ ਜੀਵਨ ਦਾ ਇਕ ਤੱਤ ਖੋਜਿਆ ਹੈ ਕਿ ਮਨੁੱਖੀ ਮਨ ਦੇ ਚਿਤਵਿਆ ਕੋਈ ਘਟਨਾ ਨਹੀਂ ਘਟਦੀ ਇਸ ਲਈ ਚਿੰਤਾ ਵਿਅਰਥ ਹੈ ਜੋ ਸਰਵਉਚ ਪਰਮ ਹੁਕਮ ਆਧਾਰਿਤ ਹੈ, ਉਹ ਹੀ ਹੁੰਦਾ ਹੈ ਇਥੇ ਜੀਵਨ ਅਨੁਭਵ ਵਿਚੋਂ ਇਹ ਤੱਤ ਖੋਜਿਆ ਗਿਆ ਹੈ। ਜਦਕਿ ਅਗਲਾ ਸਲੋਕ ਇਸ ਖੋਜੇ ਹੋਏ ਸੱਚ ਨੂੰ ਧਾਰਨ ਕਰਨ ਦਾ ਪ੍ਰਵਚਨ ਸਿਰਜਦਾ ਹੈ। ਜਿਸ ਅਨੁਸਾਰ ਚਿੰਤਾ ਕਰਨਾ ਜਾਂ ਨਾ ਕਰਨਾ ਵੀ ਪਰਮ

ਹੁਕਮ ਉਪਰ ਨਿਰਭਰ ਹੈ ਇਸ ਲਈ ਇਸ ਹੁਕਮ ਨੂੰ ਧਾਰਨ ਕਰਕੇ ਚਿੰਤਾ-ਅਚਿੰਤਾ ਨੂੰ ਛੱਡ ਦੇਣਾ ਹੀ ਮਨੁੱਖ ਲਈ ਉਤਮ ਹੈ। ਇਸ ਤਰ੍ਹਾਂ ਭਗਤੀ ਚੇਤਨਾ ਸੱਚ ਦੀ ਖੋਜ ਨੂੰ ਪ੍ਰਤੀਬਿੰਬਤ ਕਰਦੀ ਹੈ ਜਦਕਿ ਗੁਰਮਤਿ ਚੇਤਨਾ ਉਸ ਨੂੰ ਧਾਰਨ ਕਰਨ ਦੀ ਵਿਵਸਥਾ ਵਜੋਂ ਰੂਪਮਾਨ ਹੁੰਦੀ ਹੈ।

### ਭਗਤੀ ਪ੍ਰਕਿਰਿਆ ਅਤੇ ਕਬੀਰ ਬਾਣੀ

ਭਗਤ ਕਬੀਰ ਬਾਣੀ ਦੇ ਪਾਠ ਤੇ ਪ੍ਰਵਚਨ ਸੰਚਾਰ ਪ੍ਰਕਿਰਿਆ ਦੇ ਆਧਾਰ ਤੇ ਇਸ ਦੇ ਪਹਿਲੇ ਦੋ ਰਾਗਾਂ ਵਿਚਲੀ ਬਾਣੀ ਵਿਚ ਭਗਤੀ ਪ੍ਰਕਿਰਿਆ ਦਾ ਸੰਚਾਲਨ ਹੁੰਦਾ ਹੈ। ਜਿਹੜਾ ਸਿਰੀ ਰਾਗ ਵਿਚਲੇ ਦੋ ਸ਼ਬਦਾਂ ਵਿਚ ਪ੍ਰਾਪਤ ਹੁਕਮ ਦੇ ਕੇਂਦਰੀ ਸੰਕਲਪ ਤੋਂ ਨਿਕਲੇ ਦੋ ਪ੍ਰਮੁੱਖ ਸੰਕਲਪਾਂ ਸੱਚ ਤੇ ਭਰਮ ਦੀ ਅੰਤਰਪ੍ਰਕਿਰਆ ਤੋਂ ਆਰੰਭ ਹੁੰਦਾ ਹੈ ਜਿਹੜੀ ਰਾਗ ਗਉੜੀ ਵਿਚ ਲਗਾਤਾਰਤਾ ਵਿਚ ਸੰਚਾਰ ਕਰਦੀ ਹੈ। ਇਸ ਦੌਰਾਨ ਭਰਮ ਦੀ ਪ੍ਰਕਿਰਿਆ ਮਾਂ ਦੇ ਰੂਪਕ ਤੋਂ ਆਰੰਭ ਹੁੰਦੀ ਹੈ ਜਿਸ ਵਿਚ ਮੋਹ ਨਾਲ ਸੰਬੰਧ ਭਰਮ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਤੋਂ ਉਪਰੰਤ ਵਿਭਿੰਨ ਪਰਤਾਂ ਵਿਚ ਇਹ ਪ੍ਰਕਿਰਿਆ ਵਾਪਰਦੀ ਹੋਈ ਮਨੁੱਖੀ ਚੇਤਨਾ ਦੇ ਭਰਮ ਨੂੰ ਉਜਾਗਰ ਕਰਦੀ ਹੋਈ ਸੱਚ ਨੂੰ ਸਾਹਮਣੇ ਲਿਆਉਂਦੀ ਹੈ। ਇਸ ਪ੍ਰਕਿਰਿਆ ਵਿਚ ਚੇਤਨਾ ਦੇ ਮਾਰਗ ਵਿਚ ਵਿਭਿੰਨ ਪਰਿਵਰਤਨ ਵਾਪਰਦੇ ਹਨ ਜਿਨ੍ਹਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਜਾ ਚੁੱਕਾ ਹੈ। ਭਗਤੀ ਦੇ ਰੂਪ ਵਿਚ ਮਨੁੱਖੀ ਚੇਤਨਾ ਦੇ ਇਸ ਆਤਮ ਖੋਜ ਮਾਰਗ ਵਿਚ ਸ਼ਬਦ ਸਾਧਨਾ ਇਸ ਦੀ ਵਾਹਕ ਬਣਦੀ ਹੈ। ਸ਼ਬਦ ਸਾਧਨਾ ਦੁਆਰਾ ਹੀ ਚੇਤਨਾ ਭਰਮ ਤੇ ਭਟਕਣਾ ਤੋਂ ਮੁਕਤ ਹੋ ਕੇ ਟਿਕਾਉ ਪ੍ਰਾਪਤ ਕਰਦੀ ਹੈ ਜਿਸ ਨੂੰ ਸਹਿਜ ਦੁਆਰਾ ਪ੍ਰਤੀਬਿੰਬਤ ਕੀਤਾ ਗਿਆ ਹੈ। ਇਸ ਤਰ੍ਹਾਂ ਭਗਤੀ ਮਨੁੱਖੀ ਚੇਤਨਾ ਨੂੰ ਸਰਲ, ਸਪੱਸ਼ਟ ਤੇ ਸਹਿਜ ਕਰਨ ਦੀ ਵਿਧੀ ਹੈ। ਭਗਤੀ ਦੀ ਪ੍ਰਕਿਰਿਆ ਨੂੰ ਕਬੀਰ ਬਾਣੀ ਵਿਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ:

*ਗਗਨਿ ਰਸਾਲ ਚੁਐ ਮੇਰੀ ਭਾਠੀ॥*
*ਸੰਚਿ ਮਹਾਂ ਰਸ ਤਨੁ ਭਇਆ ਕਾਠੀ॥*
*ਉਆ ਕਉ ਕਹੀਐ ਸਹਜ ਮਤਵਾਰਾ॥*
*ਪੀਵਤੁ ਰਾਮ ਰਸੁ ਗਿਆਨ ਬੀਚਾਰੁ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ 248)*

ਉਪਰੋਕਤ ਪ੍ਰਤੀਕਾਵਲੀ ਇਕ ਬਹੁਤ ਹੀ ਸੂਖ਼ਮ ਮਾਨਸਿਕ/ਆਤਮਿਕ ਅਵਸਥਾ ਨੂੰ ਰੂਪਮਾਨ ਕਰਦੀ ਹੈ ਜਿਸ ਦੀ ਪ੍ਰਾਪਤੀ ਮਨੁੱਖੀ ਚੇਤਨਾ ਆਤਮ ਚਿੰਤਨ ਦੁਆਰਾ ਕਰਦੀ ਹੈ। ਇਹ ਗਿਆਨ ਦੀ ਸਰਵਉੱਚ ਅਵਸਥਾ ਨੂੰ ਦਰਸਾਉਂਦੀ ਹੈ ਜਿਸ ਵਿਚ ਮਨੁੱਖੀ ਚੇਤਨਾ ਜੀਵਨ ਯਥਾਰਥ ਵਿਚਲੇ ਸੱਚ ਤੇ ਭੇਖ ਨੂੰ ਨਿਖੇੜਣ ਦੀ ਸਮਰੱਥਾ ਪ੍ਰਾਪਤ ਕਰਦੀ ਹੈ। ਇਸ ਸਮਰੱਥਾ ਨੂੰ ਪ੍ਰਾਪਤ ਕਰਕੇ ਮਨੁੱਖੀ ਮਨ ਟਿਕਾਉ ਵਿਚ ਆ ਜਾਂਦਾ ਹੈ ਜਿਸ ਨੂੰ ਸਹਿਜ ਅਵਸਥਾ ਮੰਨਿਆ ਜਾਂਦਾ ਹੈ। ਇਹ ਅਵਸਥਾ ਹੀ ਭਗਤੀ ਦਾ ਸਿਖ਼ਰ ਹੈ ਅਤੇ ਗੁਰਮਤਿ ਦਾ ਮੂਲ ਆਧਾਰ ਹੈ।

### ਗੁਰਮਤਿ ਪ੍ਰਕਿਰਿਆ ਅਤੇ ਕਬੀਰ ਬਾਣੀ

ਭਗਤੀ ਪ੍ਰਕਿਰਿਆ ਦੀ ਪ੍ਰਾਪਤੀ ਸਰਵਉੱਚ ਸੱਚ ਦੀ ਆਤਮ ਖੋਜ ਹੈ। ਇਹ ਇਸ ਦੀ ਪਹਿਚਾਣ ਹੈ ਅਤੇ ਇਸ ਪਹਿਚਾਣ ਤੋਂ ਹੀ ਇਸ ਦੀ ਪ੍ਰਾਪਤੀ ਦੀ ਪ੍ਰਕਿਰਿਆ ਆਰੰਭ ਹੁੰਦੀ ਹੈ। ਬਾਣੀ-ਪਾਠ ਦੀ ਸੰਚਾਰ ਪ੍ਰਕਿਰਿਆ ਦੇ ਆਧਾਰ ਤੇ ਇਸ ਦਾ ਆਰੰਭ ਰਾਗ ਆਸਾ ਤੋਂ ਸ਼ੁਰੂ ਹੁੰਦਾ ਹੈ। ਇਸ ਤੋਂ ਹੀ ਗੁਰਮਤਿ ਤੇ ਦੁਰਮਤਿ ਦੇ ਸੰਕਲਪ ਕੇਂਦਰ ਵਿਚ ਆਉਂਦੇ ਹਨ ਜਿਹੜੇ ਸੱਚ ਤੇ ਭਰਮ ਦਾ ਹੀ ਅਗਲਾ ਪੱਧਰ ਬਣਦੇ ਹਨ। ਇਸ ਪੱਧਰ ਤੇ ਸ਼ਬਦ-ਸਾਧਨਾ ਨਾਮ-ਸਿਮਰਨ ਬਣ ਜਾਂਦੀ ਹੈ। ਮਨੁੱਖੀ ਜੀਵਨ ਯਥਾਰਥ ਦੀ ਅਗਿਆਨ ਸਥਿਤੀ ਦਾ ਗਿਆਨ ਹੋ ਜਾਣ ਉਪਰੰਤ ਮਨੁੱਖ ਨੂੰ ਆਪਣੀ ਵਾਸਤਵਿਕ ਹੋਂਦ ਅਤੇ ਉਸ ਹੋਂਦ ਦੇ ਵਾਸਤਵਿਕ ਉਦੇਸ਼ ਦੀ ਸੋਝੀ ਹੁੰਦੀ ਹੈ। ਇਸ ਲਈ ਉਹ ਉਹ ਪਰਮ-ਸੱਚ ਜਿਸ ਦੀ ਪਹਿਚਾਣ ਭਗਤੀ ਪ੍ਰਕਿਰਿਆ ਵਿਚ ਹੁੰਦੀ ਹੈ ਉਸ ਦਾ ਹੀ ਚਿੰਤਨ ਕਰਦਾ ਹੋਇਆ ਨਾਮ ਦੁਆਰਾ ਆਪਣੇ ਜੀਵਨ ਉਦੇਸ਼ ਵੱਲ ਵੱਧਦਾ ਹੈ ਅਤੇ ਗੁਰਮਤਿ ਗਿਆਨ ਪ੍ਰਾਪਤੀ ਦੁਆਰਾ ਕਾਲ ਬੰਧਨ ਤੋਂ ਅਕਾਲ ਮੁਕਤੀ ਵੱਲ ਸਫ਼ਰ ਕਰਦਾ ਹੈ। ਇਸ ਤਰ੍ਹਾਂ ਗੁਰਮਤਿ ਮਨੁੱਖੀ ਚੇਤਨਾ ਨੂੰ ਮੁਕਤੀ ਪ੍ਰਦਾਨ ਕਰਨ ਦੀ ਪ੍ਰਕਿਰਿਆ ਹੈ। ਜਿੱਥੇ ਭਗਤੀ ਦੀ ਪ੍ਰਕਿਰਿਆ ਮਨੁੱਖੀ ਚੇਤਨਾ ਤੋਂ ਸਾਧ ਚੇਤਨਾ ਤੱਕ ਦਾ ਵਿਕਾਸ ਹੈ ਉੱਥੇ ਗੁਰਮਤਿ ਸਾਧ ਚੇਤਨਾ ਤੋਂ ਅਕਾਲ ਚੇਤਨਾ ਤੱਕ ਦਾ ਵਿਗਾਸ ਬਣਦੀ ਹੈ। ਇਸ ਤਰ੍ਹਾਂ ਮਨੁੱਖੀ ਚੇਤਨਾ ਦਾ ਪਰ ਗਿਆਨ ਤੋਂ ਸਵੈ ਗਿਆਨ ਨੂੰ ਆਧਾਰ ਬਣਾ ਕੇ ਬੰਧਨ ਤੋਂ ਮੁਕਤੀ ਵੱਲ ਵੱਧਣਾ ਹੀ ਉਸ ਦਾ ਮੂਲ ਜੀਵਨ ਉਦੇਸ਼ ਮੰਨਿਆ ਗਿਆ ਹੈ। ਇਹ ਦੋਵੇਂ ਅੰਤਰ-ਨਿਰਭਰ ਪ੍ਰਕਿਰਿਆਵਾਂ ਮਨੁੱਖੀ ਚੇਤਨਾ ਦੇ ਦੋ ਪੱਧਰਾਂ ਨੂੰ ਰੂਪਮਾਨ ਕਰਦੀਆਂ ਹਨ:

*ਤਨੁ ਕਰਿ ਮਟੁਕੀ ਮਨ ਮਹਿ ਬਿਲੋਈ॥*
*ਇਸ ਮਟੁਕੀ ਮਹਿ ਸ਼ਬਦ ਸੰਜੋਈ॥*
*ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥*
*ਗੁਰਪ੍ਰਸਾਦਿ ਪਾਵੈ ਅੰਮ੍ਰਿਤਧਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੪੭੮)*

ਉਪਰੋਕਤ ਪਦਿਆਂ ਵਿਚੋਂ ਪਹਿਲੇ ਪਦੇ ਵਿਚ ਭਗਤੀ ਪ੍ਰਕਿਰਿਆ ਨੂੰ ਰੂਪਮਾਨ ਕੀਤਾ ਗਿਆ ਹੈ ਜਿਹੜੀ ਸ਼ਬਦ ਰਾਹੀਂ ਸਰੀਰ ਤੇ ਮਨ ਵਿਚ ਸੰਤੁਲਨ ਸਥਾਪਿਤ ਕਰਕੇ ਮਨ ਨੂੰ ਸਥਿਰਤਾ ਪ੍ਰਦਾਨ ਕਰਨ ਵੱਲ ਸੰਕੇਤ ਕਰਦੀ ਹੈ ਅਤੇ ਇਸ ਸਥਿਰਤਾ ਤੋਂ ਅਗਾਂਹ ਅਗਲੇ ਪਦੇ ਵਿਚ ਹਰਿ ਕਾ ਬਿਲੋਵਨਾ ਨਾਮ-ਸਿਮਰਨ ਵਿਧੀ ਨੂੰ ਕਰਦਾ ਹੈ ਜਿਸ ਰਾਹੀਂ ਮਨ ਵਿਚ ਗੁਰ ਗਿਆਨ ਭਾਵ ਗਿਆਨ ਚੇਤਨਾ ਦੀ ਉਤਪਤੀ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਤੋਂ ਪਹਿਲਾਂ ਭਗਤੀ ਦੀ ਪ੍ਰਕਿਰਿਆ ਰੂਪਮਾਨ ਹੁੰਦੀ ਹੈ ਅਤੇ ਭਗਤੀ ਦਾ ਮੰਤਵ ਗੁਰਮਤਿ ਤੋਂ ਬਗ਼ੈਰ ਅਧੂਰਾ ਹੀ ਰਹਿੰਦਾ ਹੈ ਕਿਉਂਕਿ ਸੱਚ ਦੀ ਪਹਿਚਾਣ ਹੀ ਜ਼ਰੂਰੀ ਨਹੀਂ ਉਸ ਦੀ ਪ੍ਰਾਪਤੀ ਹੀ ਅਸਲ ਜੀਵਨ ਉਦੇਸ਼ ਹੈ। ਇਸ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਗਤ ਕਬੀਰ ਬਾਣੀ ਅਤੇ ਗੁਰਮਤਿ ਚੇਤਨਾ ਵਿਚਕਾਰ ਸੰਬੰਧ ਕੇਵਲ ਇਤਿਹਾਸਕ ਜਾਂ ਧਾਰਮਿਕ ਪ੍ਰਭਾਵ ਦਾ ਨਹੀਂ, ਸਗੋਂ ਇੱਕ ਡੂੰਘੀ ਸੰਕਲਪਿਕ, ਪਾਠਾਤਮਕ ਅਤੇ ਚੇਤਨਾਤਮਕ ਅੰਤਰ-ਸੰਬੰਧਤਾ ਦਾ ਹੈ। ਕਬੀਰ ਬਾਣੀ ਦੀ ਸੰਰਚਨਾਤਮਕ ਅਤੇ ਅੰਤਰਪਾਠਾਤਮਕ ਪੜ੍ਹਤ ਇਹ ਦਰਸਾਉਂਦੀ ਹੈ ਕਿ ਇਸ ਦਾ ਕੇਂਦਰੀ ਪ੍ਰਵਚਨ ਮਾਨਵੀ ਚੇਤਨਾ ਨੂੰ ਭਰਮ, ਅਗਿਆਨ ਅਤੇ ਮਾਇਆਵੀ ਗ੍ਰਸਤਤਾ ਤੋਂ ਮੁਕਤ ਕਰਕੇ ਸੱਚ ਅਤੇ ਪਰਮ-ਸੱਚ ਦੀ ਪ੍ਰਾਪਤੀ ਵੱਲ ਅਗਰਸਰ ਕਰਨਾ ਹੈ। ਇਸ ਪ੍ਰਕਿਰਿਆ ਵਿੱਚ 'ਭਰਮ' ਅਤੇ 'ਸੱਚ' ਕੇਵਲ ਦਰਸ਼ਨਕ ਸੰਕਲਪ ਨਹੀਂ, ਸਗੋਂ ਮਨੁੱਖੀ ਚੇਤਨਾ ਦੇ ਰੂਪਾਂਤਰਣ ਨੂੰ ਸੰਚਾਲਿਤ ਕਰਨ ਵਾਲੀਆਂ ਗਤੀਸ਼ੀਲ ਇਕਾਈਆਂ ਵਜੋਂ ਰੂਪਮਾਨ ਹੁੰਦੀਆਂ ਹਨ। ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਕਬੀਰ ਬਾਣੀ ਵਿੱਚ ਭਗਤੀ ਇੱਕ ਅਜਿਹੀ ਚੇਤਨਾਤਮਕ ਪ੍ਰਕਿਰਿਆ ਹੈ ਜੋ ਆਤਮ-ਗਿਆਨ, ਸ਼ਬਦ-ਸਾਧਨਾ, ਸਹਿਜ ਅਤੇ ਪ੍ਰੇਮ ਰਾਹੀਂ ਮਨੁੱਖ ਨੂੰ ਸੱਚ ਦੀ ਪਹਿਚਾਣ ਤੱਕ ਲੈ ਜਾਂਦੀ ਹੈ। ਇਸ ਦੇ ਉਲਟ ਗੁਰਮਤਿ ਚੇਤਨਾ ਉਸ ਪਹਿਚਾਣੇ ਹੋਏ ਸੱਚ ਨੂੰ

ਧਾਰਨ ਕਰਨ, ਉਸ ਨੂੰ ਜੀਵਨ-ਵਿਹਾਰ ਦਾ ਅੰਗ ਬਣਾਉਣ ਅਤੇ ਨਾਮ-ਸਿਮਰਨ ਰਾਹੀਂ ਪਰਮ-ਸੱਚ ਦੀ ਪ੍ਰਾਪਤੀ ਤੱਕ ਪਹੁੰਚਣ ਦੀ ਵਿਧੀ ਹੈ। ਇਸ ਅਰਥ ਵਿੱਚ ਭਗਤੀ ਅਤੇ ਗੁਰਮਤਿ ਦੋ ਵੱਖਰੀਆਂ ਪ੍ਰਣਾਲੀਆਂ ਨਹੀਂ, ਸਗੋਂ ਮਨੁੱਖੀ ਚੇਤਨਾ ਦੇ ਵਿਕਾਸ ਦੀਆਂ ਦੋ ਅੰਤਰ-ਨਿਰਭਰ ਅਤੇ ਪੂਰਕ ਅਵਸਥਾਵਾਂ ਹਨ। ਭਗਤੀ ਦੀ ਪਰਾਕਾਸ਼ਠਾ ਗੁਰਮਤਿ ਦਾ ਆਰੰਭ ਬਣਦੀ ਹੈ ਅਤੇ ਗੁਰਮਤਿ ਦੀ ਸਿਧਾਂਤਬੱਧਤਾ ਭਗਤੀ ਅਨੁਭਵ ਨੂੰ ਇੱਕ ਵਿਵਸਥਿਤ ਦਰਸ਼ਨਕ ਰੂਪ ਪ੍ਰਦਾਨ ਕਰਦੀ ਹੈ। ਇਸ ਖੋਜ ਦੀ ਇੱਕ ਮਹੱਤਵਪੂਰਨ ਪ੍ਰਾਪਤੀ 'ਭਗਤੀ–ਗੁਰਮਤਿ ਸੰਬੰਧਾਤਮਕਤਾ ਮਾਡਲ' ਦੀ ਸਥਾਪਨਾ ਹੈ, ਜਿਸ ਰਾਹੀਂ ਮਾਨਵ-ਚੇਤਨਾ ਤੋਂ ਸਾਧ-ਚੇਤਨਾ ਅਤੇ ਅਗਾਂਹ ਅਕਾਲ-ਚੇਤਨਾ ਤੱਕ ਦੇ ਵਿਕਾਸ ਨੂੰ ਸਮਝਣ ਲਈ ਇੱਕ ਨਵਾਂ ਵਿਵੇਚਨਾਤਮਕ ਢਾਂਚਾ ਪ੍ਰਾਪਤ ਹੁੰਦਾ ਹੈ। ਇਹ ਮਾਡਲ ਇਹ ਸਿੱਧ ਕਰਦਾ ਹੈ ਕਿ ਕਬੀਰ ਬਾਣੀ ਵਿਚਲੀ ਭਗਤੀ-ਪ੍ਰਕਿਰਿਆ ਅਤੇ ਗੁਰਮਤਿ ਵਿਚਲੀ ਨਾਮ-ਕੇਂਦਰਿਤ ਗਿਆਨ-ਪ੍ਰਕਿਰਿਆ ਇੱਕੋ ਅਧਿਆਤਮਕ ਯਾਤਰਾ ਦੇ ਲਗਾਤਾਰ ਪੜਾਅ ਹਨ। ਸਮਕਾਲੀ ਸੰਦਰਭ ਵਿੱਚ ਵੀ ਇਸ ਅਧਿਐਨ ਦੀ ਵਿਸ਼ੇਸ਼ ਪ੍ਰਸੰਗਿਕਤਾ ਹੈ, ਕਿਉਂਕਿ ਕਬੀਰ ਬਾਣੀ ਦਾ ਭਰਮ-ਵਿਰੋਧੀ ਅਤੇ ਸੱਚ-ਕੇਂਦਰਿਤ ਪ੍ਰਵਚਨ ਆਧੁਨਿਕ ਮਨੁੱਖ ਨੂੰ ਧਾਰਮਿਕ ਕੱਟੜਤਾ, ਪਛਾਣ-ਸੰਕਟ, ਮਾਨਸਿਕ ਵਿਖੰਡਨ ਅਤੇ ਸਮਾਜਿਕ ਵਿਭਾਜਨ ਤੋਂ ਪਰੇ ਇੱਕ ਸਰਵਭੌਮ ਮਾਨਵੀ ਚੇਤਨਾ ਵੱਲ ਪ੍ਰੇਰਿਤ ਕਰਦਾ ਹੈ। ਇਸ ਤਰ੍ਹਾਂ ਭਗਤ ਕਬੀਰ ਬਾਣੀ ਕੇਵਲ ਮੱਧਕਾਲੀ ਭਗਤੀ ਸਾਹਿਤ ਦਾ ਮਹੱਤਵਪੂਰਨ ਅੰਗ ਹੀ ਨਹੀਂ, ਸਗੋਂ ਗੁਰਮਤਿ ਦਰਸ਼ਨ ਦੀ ਸੰਕਲਪਿਕ ਬੁਨਿਆਦ ਨੂੰ ਸਮਝਣ ਲਈ ਇੱਕ ਅਨਿਵਾਰ ਪਾਠ ਵੀ ਹੈ। ਇਸ ਦੀ ਪਾਠਾਤਮਕ ਅਤੇ ਸੰਕਲਪਿਕ ਪੜ੍ਹਤ ਗੁਰਮਤਿ ਅਧਿਐਨ, ਭਗਤੀ ਸਾਹਿਤ ਅਤੇ ਭਾਰਤੀ ਗਿਆਨ-ਪਰੰਪਰਾ ਦੇ ਅੰਤਰ-ਅਨੁਸ਼ਾਸਨੀ ਅਧਿਐਨਾਂ ਲਈ ਨਵੇਂ ਸੰਭਾਵਨਾਤਮਕ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀ ਹੈ।

## *ਹਵਾਲੇ ਅਤੇ ਟਿੱਪਣੀਆਂ*


1. *Vaudeville, Charlotte (1974), Kabir, Oxford University press, P:112.*
2. *Hess, Linda and Shukdev Singh (2002), The Bijak of Kabir, Oxford University press, P: 34-48.*
3. *Pashaura Singh (2003), The Bhagats of the Guru Granth Sahib, Oxford University press, P: 83.*
4. *McLeod (1968) W. H. Guru Nanak and the Sikh Religion, Oxford University press, P: 167.*
5. *Barthes, Roland (1977), Image, Music, Text. Fontana Press, P: 65.*
6. *ਜੱਗੀ, ਰਤਨ ਸਿੰਘ (2020), ਗੁਰੂ ਨਾਨਕ ਜੋਤ ਵਿਕਾਸ, ਗਰੈਸ਼ੀਅਸ ਬੁੱਕਸ, ਪੰਨਾ:152.*



### *Cite this Article-*

*ਡਾ. ਸੁਖਮਨਪ੍ਰੀਤ ਕੌਰ (Dr. Sukhmanpreet Kaur), ਭਗਤ ਕਬੀਰ ਬਾਣੀ ਦੇ ਪਾਠਾਤਮਕ ਪ੍ਰਵਚਨ ਵਿੱਚ ਭਗਤੀ ਅਤੇ ਗੁਰਮਤਿ ਚੇਤਨਾ ਦੀ ਅੰਤਰ-ਸੰਬੰਧਤਾ ਦਾ ਸਿਧਾਂਤਕ-ਮਾਡਲ (Bhagat Kabir Bani De Pathatmak Pravachan Vich Bhagti Ate Gurmat Chetna Di Antar-Sanbandhta Da Siddhantak-Model), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 86-91.*

*Journal URL: www.armaan.org.in*

*DOI: https://doi.org/10.64119/armaan.vol.4.issue3.17*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/